## ਖ਼ਤਰੇ ਅਤੇ ਚੇਤਾਵਨੀ ਦੇ ਸੁਨੇਹਿਆਂ ਦਾ ਨਮੂਨਾ

ਹੇਠਾਂ ਨਮੂਨੇ ਦਿੱਤੇ ਗਏ ਹਨ ਜੋ ਚਿਤਾਵਨੀ ਦੇਣ ਵਾਲੀਆਂ ਏਜੰਸੀਆਂ ਸਥਾਨਕ ਐਮਰਜੈਂਸੀ ਨਾਲ ਸੰਬੰਧਿਤ ਖਾਸ ਸੰਦੇਸ਼ ਤਿਆਰ ਕਰਨ ਲਈ ਇੱਕ ਗਾਈਡ ਦੇ ਤੌਰ ਤੇ ਇਸਤੇਮਾਲ ਕਰ ਸਕਦੀਆਂ ਹਨ। ਇਹ ਨਮੂਨੇ ਵਿਸਤ੍ਰਿਤ ਨਹੀਂ ਹਨ। ਅੰਤਮ ਸੰਦੇਸ਼ ਹਮੇਸ਼ਾਂ ਘਟਨਾ ਦੀਆਂ ਖਾਸ ਵਿਲੱਖਣ ਲੋੜਾਂ ਦੇ ਮੁਤਾਬਕ ਬਣਾਏ ਜਾਣੇ ਚਾਹੀਦੇ ਹਨ ਜੋ ਉਨ੍ਹਾਂ ਦੀ ਜ਼ਰੂਰਤ ਨੂੰ ਦਰਸਾਉਂਦੇ ਹਨ।

## ਜਗ੍ਹਾ ਖਾਲ੍ਹੀ ਕੀਤੇ ਜਾਣ ਦੇ ਸੁਨੇਹਿਆਂ ਦਾ ਨਮੂਨਾ

*ਲੰਬੇ ਸੁਨੇਹੇ*

- ਇਹ [Agency] ਹੈ, ਜੋ [location] ਲਈ ਜਗ੍ਹਾ ਖਾਲ੍ਹੀ ਕੀਤੇ ਜਾਣ ਦਾ ਇੱਕ ਲਾਜ਼ਮੀ ਆਦੇਸ਼ ਦੇ ਰਹੀ ਹੈ। ਨਿਮਨਲਿਖਤ ਸੁਰੱਖਿਆ ਕਾਰਵਾਈਆਂ ਕਰੋ ਅਤੇ ਫੌਰਨ ਜਗ੍ਹਾ ਛੱਡ ਦਿਓ; 1. ਪਰਿਵਾਰ ਦੇ ਸਾਰੇ ਸਦੱਸਾਂ ਨੂੰ ਇਕੱਠਾ ਕਰੋ। 2. ਸਾਰੇ ਪਾਲਤੂ ਜਾਨਵਰਾਂ ਨੂੰ ਇਕੱਠਾ ਕਰੋ। 3. ਸਿਰਫ਼ ਜ਼ਰੂਰੀ ਚੀਜ਼ਾਂ ਨੂੰ ਇਕੱਠਾ ਕਰੋ। 4. ਆਪਣੇ ਨਾਲ ਜ਼ਰੂਰੀ ਦਵਾਈਆਂ ਲੈ ਜਾਉਣਾ ਨਿਸ਼ਚਤ ਕਰੋ। 5. ਆਪਣੇ ਘਰ ਦੇ ਸਾਰੇ ਉਪਕਰਣ ਅਤੇ ਲਾਈਟਾਂ ਬੰਦ ਕਰੋ। 6. ਆਪਣੇ ਘਰ ਨੂੰ ਤਾਲਾ ਲਾਓ। ਨਿਕਾਸੀ ਦਾ ਰਸਤਾ ਇਹ ਹੈ: [Evacuation Route]. [Name and Location of Evacuation Center] ਵਿਖੇ ਇੱਕ ਨਿਕਾਸੀ ਕੇਂਦਰ ਖੁੱਲ੍ਹਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਥਾਨਕ ਰੇਡੀਓ ਅਤੇ ਟੈਲੀਵਿਜ਼ਨ ਸਟੇਸ਼ਨਾਂ 'ਤੇ ਸੁਣੋ, ਅਤੇ **[url]** ‘ਤੇ ਜਾਓ, ਜਾਂ **[###-###-####]** 'ਤੇ ਕਾਲ ਕਰੋ।

- [Agency] [location] ਲਈ ਜਗ੍ਹਾ ਖਾਲ੍ਹੀ ਕੀਤੇ ਜਾਣ ਦਾ ਇੱਕ ਲਾਜ਼ਮੀ ਆਦੇਸ਼ ਜਾਰੀ ਕਰ ਰਹੀ ਹੈ। ਰਾਸ਼ਟਰੀ ਮੌਸਮ ਸੇਵਾ ਨੇ [location] ਲਈ ਇੱਕ ਹੜ੍ਹ ਦੀ ਚਿਤਾਵਨੀ ਜਾਰੀ ਕੀਤੀ ਹੈ। ਪਰਭਾਵਿਤ ਖੇਤਰ ਦੇ ਸਾਰੇ ਨਿਵਾਸਿਆਂ ਨੂੰ ਫੌਰਨ ਖੇਤਰ ਖਾਲ੍ਹੀ ਕਰ ਦੇਣਾ ਚਾਹੀਦਾ ਹੈ। [Location] ਵਿਖੇ ਇੱਕ ਨਿਕਾਸੀ ਕੇਂਦਰ/ਪਨਾਹ ਦੀ ਥਾਂ ਖੁੱਲ੍ਹੀ ਹੈ। ਹੋਰ ਜਾਣਕਾਰੀ ਲਈ [insert resource] ‘ਤੇ ਜਾਓ। ਅਪਡੇਟ ਕੀਤੇ ਗਏ ਵੇਰਵੇ ਲਈ ਕਿਰਪਾ ਕਰਕੇ [radio station] ਨੂੰ ਸੁਣੋ।

*ਛੋਟਾ ਸੁਨੇਹਾ*

- [location] ਲਈ ਜੰਗਲ ਵਿੱਚ ਲਗੀ ਅੱਗ ਦੇ ਕਾਰਨ ਜਗ੍ਹਾ ਖਾਲ੍ਹੀ ਕਰਨ ਦਾ ਆਦੇਸ਼-ਹੁਣੇ ਨਿਕਲੋ-[Agency] ਦੀ ਵੈੱਬਸਾਈਟ 'ਤੇ ਵੇਰਵੇ ਪ੍ਰਾਪਤ ਕਰੋ

## ਬਣਾਈ ਗਈ ਪਨਾਹ ਦੀ ਥਾਂ ਦੇ ਸੁਨੇਹਿਆਂ ਦਾ ਨਮੂਨਾ

*ਲੰਬੇ ਸੁਨੇਹੇ*

ਇਹ [Agency] ਹੈ, ਜੋ ਖਤਰਨਾਕ ਪਦਾਰਥਾਂ ਦੀ ਰਿਲੀਜ ਦੇ ਕਾਰਨ [location] ਦੇ ਵਸਨੀਕਾਂ ਲਈ ਲਾਜ਼ਮੀ ਬਣਾਈ ਗਈ ਪਨਾਹ ਦੀ ਥਾਂ ਦੀ ਰਿਪੋਰਟ ਕਰ ਰਹੀ ਹੈ। ਫੌਰਨ ਆਤਮ-ਸੁਰੱਖਿਆ ਕਾਰਵਾਈਆਂ ਕਰੋ: 1. ਫੌਰਨ ਅੰਦਰ ਜਾਓ ਅਤੇ ਆਪਣੇ ਘਰ ਜਾਂ ਇਮਾਰਤ ਦੇ ਅੰਦਰ ਹੀ ਰਹੋ। 2. ਜੇ ਤੁਸੀਂ ਫਟਾਫਟ ਅਜਿਹਾ ਕਰ ਸਕਦੇ ਹੋ ਤਾਂ ਪਾਲਤੂ ਜਾਨਵਰਾਂ ਨੂੰ ਅੰਦਰ ਲੈ ਆਓ। 3. ਸਾਰੇ ਖਿੜਕਿਆਂ ਅਤੇ ਦਰਵਾਜ਼ੇ ਬੰਦ ਕਰ ਦੋ। 4. ਏਅਰ ਕੰਡੀਸ਼ਨਰ ਅਤੇ ਹੀਟਿੰਗ ਸਿਸਟਮ ਬਲੋਅਰ ਬੰਦ ਕਰ ਦਿਓ। 5.

ਫਾਇਰ ਪਲੇਸ ਡੈਮਪਰਾਂ ਨੂੰ ਬੰਦ ਕਰ ਦਿਓ। 6. ਰੇਡੀਓ, ਫਲੈਸ਼ਲਾਈਟ, ਖਾਣਾ, ਪਾਣੀ ਅਤੇ ਦਵਾਈਆਂ ਇਕੱਠੀਆਂ ਕਰੋ। 7. ਜੇ ਅਸਲ ਵਿੱਚ ਕੋਈ ਐਮਰਜੈਂਸੀ ਹੋਵੇ ਤਾਂ ਹੀ 911 ਨੂੰ ਕਾਲ ਕਰੋ। ਤੁਹਾਨੂੰ ਸਲਾਹ ਦਿੱਤੀ ਜਾਏਗੀ ਜਦੋਂ ਇਹ ਖ਼ਤਰਨਾਕ ਸਥਿਤੀ ਲੰਘ ਚੁੱਕੀ ਹੋਵੇਗੀ ਅਤੇ ਬਾਹਰ ਜਾਕੇ ਆਮ ਗਤੀਵਿਧੀਆਂ ਨੂੰ ਦੁਬਾਰਾ ਸ਼ੁਰੂ ਕਰਨਾ ਸੁਰੱਖਿਅਤ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਥਾਨਕ ਰੇਡੀਓ ਅਤੇ ਟੈਲੀਵਿਜ਼ਨ ਸਟੇਸ਼ਨਾਂ ਨੂੰ ਸੁਣੋ, ਅਤੇ **[url]** 'ਤੇ ਜਾਓ ਜਾਂ **[###-###-####]** 'ਤੇ ਕਾਲ ਕਰੋ।

ਅੱਗ ਬੁਝਾਉਣ ਵਾਲਾ ਵਿਭਾਗ ਖਤਰਨਾਕ ਪਦਾਰਥਾਂ ਦੇ ਰਿਲੀਜ ਹੋਣ ਕਾਰਨ [location] ਦੇ ½ ਮੀਲ ਦੇ ਘੇਰੇ ਵਿੱਚ ਹਰੇਕ ਵਿਅਕਤੀ ਨੂੰ ਬੇਨਤੀ ਕਰਦਾ ਹੈ ਕਿ ਉਹ ਅੰਦਰ ਚਲਾ ਜਾਏ ਅਤੇ ਅੰਦਰ ਹੀ ਰਹੇ। ਘਰ ਦੇ ਅੰਦਰ ਹੀ ਰਹੋ, ਆਪਣੀਆਂ ਖਿੜਕੀਆਂ ਬੰਦ ਕਰੋ, ਆਪਣਾ ਏਅਰ ਕੰਡੀਸ਼ਨਰ ਬੰਦ ਕਰੋ, ਅਤੇ ਆਪਣੇ ਪਾਲਤੂ ਜਾਨਵਰਾਂ ਨੂੰ ਘਰ ਦੇ ਅੰਦਰ ਲਿਆਓ। ਹੋਰ ਜਾਣਕਾਰੀ ਬਾਅਦ ਵਿੱਚ ਦਿੱਤੀ ਜਾਏਗੀ। **[link]**

*ਛੋਟਾ ਸੁਨੇਹਾ*

• ਖਤਰਨਾਕ ਪਦਾਰਥਾਂ ਦੀ ਰਿਲੀਜ। [location] ਦੇ ½ ਮੀਲ ਦੇ ਘੇਰੇ ਦੇ ਅੰਦਰ-ਅੰਦਰ। ਅੰਦਰ ਚਲੇ ਜਾਓ। ਅੰਦਰ ਹੀ ਰਹੋ। ਇੱਥੇ ਬਣੇ ਰਹੋ।

**ਮੌਸਮ ਦੀ ਜਾਗਰੂਕਤਾ ਬਾਰੇ ਸੁਨੇਹਿਆਂ ਦਾ ਨਮੂਨਾ**

*ਲੰਬੇ ਸੁਨੇਹੇ*

• ਇਹ [Agency] ਹੈ, ਜੋ ਸੰਭਾਵਿਤ ਹੜ੍ਹਾਂ ਕਾਰਨ [location] ਲਈ ਲਾਜ਼ਮੀ ਨਿਕਾਸੀ ਦੇ ਆਦੇਸ਼ ਦੀ ਰਿਪੋਰਟ ਕਰ ਰਹੀ ਹੈ। ਨਿਮਨਲਿਖਤ ਸੁਰੱਖਿਆ ਕਾਰਵਾਈਆਂ ਕਰੋ ਅਤੇ ਤੁਰੰਤ ਜਗ੍ਹਾ ਛੱਡ ਦਿਓ: 1. ਪਰਿਵਾਰ ਦੇ ਸਾਰੇ ਸਦੱਸਾਂ ਜਾਂ ਹੋਰ ਵਿਅਕਤੀਆਂ ਨੂੰ ਇਕੱਠਾ ਕਰੋ। 2. ਸਾਰੇ ਪਾਲਤੂ ਜਾਨਵਰਾਂ ਨੂੰ ਇਕੱਠਾ ਕਰੋ। 3. ਸਿਰਫ਼ ਜ਼ਰੂਰੀ ਚੀਜ਼ਾਂ ਨੂੰ ਇਕੱਠਾ ਕਰੋ। 4. ਆਪਣੇ ਨਾਲ ਜ਼ਰੂਰੀ ਦਵਾਈਆਂ ਲੈ ਜਾਉਣਾ ਨਿਸ਼ਚਤ ਕਰੋ। 5. ਆਪਣੇ ਘਰ ਦੇ ਸਾਰੇ ਉਪਕਰਣ ਅਤੇ ਲਾਈਟਾਂ ਬੰਦ ਕਰੋ। 6. ਆਪਣੇ ਘਰ ਨੂੰ ਤਾਲਾ ਲਾਓ। ਨਿਕਾਸੀ ਦਾ ਰਸਤਾ ਇਹ ਹੈ: [Evacuation Route]. [Name and Location of Evacuation Center] ਵਿਖੇ ਇੱਕ ਨਿਕਾਸੀ ਕੇਂਦਰ ਖੁੱਲ੍ਹਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਥਾਨਕ ਰੇਡੀਓ ਅਤੇ ਟੈਲੀਵਿਜ਼ਨ ਸਟੇਸ਼ਨਾਂ ਨੂੰ ਸੁਣੋ, ਅਤੇ **[url]** 'ਤੇ ਜਾਓ ਜਾਂ **[###-###-####]** ਕਾਲ ਕਰੋ।

ਰਾਸ਼ਟਰੀ ਮੌਸਮ ਸੇਵਾ ਅਗਲੇ 24 ਘੰਟਿਆਂ ਵਿੱਚ [location] ਵਿੱਚ ਹੜ੍ਹ ਆਉਣ ਦੀ ਭਵਿੱਖਬਾਣੀ ਕਰ ਰਹੀ ਹੈ। ਪੁਲਿਸ ਇਸ ਖੇਤਰ ਵਿੱਚ ਰਹਿੰਦੇ ਵਸਨੀਕਾਂ ਨੂੰ ਕਿਸੇ ਵੀ ਵੇਲੇ ਸੰਭਾਵਿਤ ਨਿਕਾਸੀ ਲਈ ਤਿਆਰ ਰਹਿਣ ਦੀ ਸਲਾਹ ਦੇ ਰਹੀ ਹੈ। ਨਿਕਾਸੀ ਲਈ ਕਿਵੇਂ ਤਿਆਰੀ ਕੀਤੀ ਜਾਏ, ਬਾਰੇ ਜਾਣਕਾਰੀ here ਦਿੱਤੀ ਗਈ ਹੈ। ਫਾਲੋ ਕਰਨ ਲਈ ਅਪਡੇਟਸ।

*ਛੋਟਾ ਸੁਨੇਹਾ*

• [location] ਲਈ ਹੜ੍ਹ ਆਉਣ ਦੀ ਚੇਤਾਵਗੀ ਉਸ ਖੇਤਰ ਵਿੱਚ ਜਾਣ ਤੋਂ ਬਚੋ। ਵਾਪਸ ਮੁੜ ਜਾਓ-ਡੁੱਬੋ ਨਹੀਂ। ਅਪਡੇਟਸ ਲਈ ਬਣੇ ਰਹੋ।

**ਐਕਟਿਵ ਸ਼ੂਟਰ ਹੋਣ ਬਾਰੇ ਸੁਨੇਹਿਆਂ ਦਾ ਨਮੂਨਾ**

*ਲੰਬੇ ਸੁਨੇਹੇ*

• ਇਹ [Law Enforcement Agency] ਹੈ ਜੋ [location] ਦੇ ਨੇੜੇ ਇੱਕ ਐਕਟਿਵ ਸ਼ੂਟਰ ਦੇ ਹੋਣ ਬਾਰੇ ਰਿਪੋਰਟ ਕਰ ਰਹੀ ਹੈ। ਉਸ ਖੇਤਰ ਵਿੱਚ ਜਾਣ ਤੋਂ ਬਚੋ। ਜੇ ਤੁਸੀਂ [location] ਦੇ ਨੇੜੇ ਹੋ, ਅੰਦਰ ਚਲੇ ਜਾਓ, ਅੰਦਰ ਹੀ ਰਹੋ, ਅਤੇ ਨਿਮਨਲਿਖਤ ਸੁਰੱਖਿਆ ਕਾਰਵਾਈਆਂ ਕਰੋ: 1. ਫੌਰਨ ਅੰਦਰ ਜਾਓ ਅਤੇ ਆਪਣੇ ਰਿਹਾਇਸ਼ ਦੇ ਅੰਦਰ ਹੀ ਰਹੋ। 2. ਜੇ ਤੁਸੀਂ ਫਟਾਫਟ ਅਜਿਹਾ ਕਰ ਸਕਦੇ ਹੋ ਤਾਂ ਪਾਲਤੂ ਜਾਨਵਰਾਂ ਨੂੰ ਅੰਦਰ ਲੈ ਆਓ। 3. ਸਾਰੇ ਖਿੜਕਿਆਂ ਅਤੇ ਦਰਵਾਜ਼ੇ ਬੰਦ ਕਰ ਦਿਓ ਅਤੇ ਤਾਲਾ ਲਗਾ ਲਓ। 4. ਜੇ ਅਸਲ ਵਿੱਚ ਕੋਈ ਐਮਰਜੈਂਸੀ ਹੋਵੇ ਜਾਂ ਤੁਹਾਡੇ ਸਥਾਨ ਦੇ ਨੇੜੇ ਕੋਈ ਸ਼ੱਕੀ ਗਤੀਵਿਧੀ ਸੁਣੋ ਜਾਂ ਦੇਖੋ ਤਾਂ ਫੌਰਨ 911 'ਤੇ ਕਾਲ ਕਰੋ। ਤੁਹਾਨੂੰ ਸਲਾਹ ਦਿੱਤੀ ਜਾਏਗੀ ਜਦੋਂ ਕਿ ਤੁਹਾਡੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਥਾਨਕ ਰੇਡੀਓ ਅਤੇ ਟੈਲੀਵਿਜ਼ਨ ਸਟੇਸ਼ਨਾਂ ਨੂੰ ਸੁਣੋ, ਅਤੇ **[url]** 'ਤੇ ਜਾਓ ਜਾਂ **[###-###-####]** ਕਾਲ ਕਰੋ।

• ਸਵੇਰੇ 11 ਵਜੇ ਤੱਕ, ਪੁਲਿਸ ਜਨਤਾ ਨੂੰ [insert location] ਦੇ ਖੇਤਰ ਤੋਂ ਬਚਣ ਦੀ ਸਲਾਹ ਦਿੰਦੀ ਹੈ। ਅਧਿਕਾਰੀ ਇਸ ਵੇਲੇ ਇੱਕ ਐਕਟਿਵ ਸ਼ੂਟਰ ਦੇ ਹੋਣ ਕਰਕੇ ਪ੍ਰਤੀਕਿਰਿਆ ਕਰ ਰਹੇ ਹਨ। ਇਸ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਪਨਾਹ ਲੈਣੀ ਚਾਹੀਦੀ ਹੈ ਅਤੇ ਫ਼ੋਨ ਸਾਈਲੈਂਟ ਤੇ ਕਰ ਦੇਣੇ ਚਾਹੀਦੇ ਹਨ। ਜੇ ਸ਼ੂਟਰ ਨਾਲ ਸਾਮ੍ਹਣਾ ਹੁੰਦਾ ਹੈ, ਤਾਂ ਦੌੜ੍ਹੋ, ਛੁੱਪ ਜਾਓ, ਫਾਈਟ ਕਰੋ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ **[link]** 'ਤੇ ਜਾਓ ਅਤੇ ਹੋਰ ਨਿਰਦੇਸ਼ਾਂ ਲਈ ਇੱਥੇ ਬਣੇ ਰਹੋ।

*ਛੋਟਾ ਸੁਨੇਹਾ*

• [location] ਦੇ ਨੇੜੇ ਇੱਕ ਐਕਟਿਵ ਸ਼ੂਟਰ ਹੈ। ਖੇਤਰ ਵਿੱਚ ਜਾਣ ਤੋਂ ਬਚੋ ਜਾਂ ਦੌੜ੍ਹੋ, ਛੁੱਪ ਜਾਓ, ਫਾਈਟ ਕਰੋ। ਅਪਡੇਟਸ ਲਈ ਇੱਥੇ ਬਣੇ ਰਹੋ।